**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ।**

## ਜਨਤਕ ਨੋਟਿਸ

ਅਧੀਨ ਸੇਵਾਵਾਂ ਚੋਣ ਬੋਰਡ ਵਲੋਂ ਇਸ਼ਤਿਹਾਰ ਨੰ: 02 ਆਫ 2022 ਰਾਹੀ ਜਾਰੀ ਕਲਰਕ ਲੀਗਲ, ਇਸਤਿਹਾਰ ਨੰ:03 ਆਫ 2022 ਰਾਹੀਂ ਪ੍ਰਕਾਸ਼ਿਤ ਕਲਰਕ ਕਮ ਡਾਟਾ ਐਟਰੀ ਓਪਰੇਟਰ, ਇਸਤਿਹਾਰ ਨੰ: 15 ਆਫ 2022 ਰਾਹੀ ਪ੍ਰਕਾਸ਼ਿਤ ਕਲਰਕ (ਆਈ.ਟੀ.), ਕਲਰਕ (ਲੇਖਾ) ਅਤੇ ਕਲਰਕ ਦੀਆ ਅਸਾਮੀਆਂ ਸਬੰਧੀ ਬੋਰਡ ਵਲੋਂ ਲਿਖਤੀ ਪ੍ਰੀਖਿਆ ਵਿਚ ਪ੍ਰਾਪਤ ਕੀਤੇ ਗਏ ਅੰਕਾ ਦੇ ਆਧਾਰ ਤੇ ਮਿਤੀ:29.08.2023 ਤੋਂ 04.09.2023 ਟਾਈਪਿੰਗ ਟੈਸਟ ਕਰਵਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਸਮੂਹ **ਅੰਗਹੀਣ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰਸੋਨਲ ਵਿਭਾਗ ਵਲੋਂ ਜਾਰੀ ਹਦਾਇਤਾਂ ਮਿਤੀ:01.10.1985, 02.11.1989 ਅਤੇ ਮਿਤੀ:29.08.2018 ਦੇ ਸਨਮੁੱਖ ਜਿਨ੍ਹਾਂ ਉਮੀਦਵਾਰਾਂ ਵਲੋਂ ਟਾਈਪਿੰਗ ਟੈਸਟ ਵਿਚ ਪੂਰਨ ਛੋਟ ਪ੍ਰਾਪਤ ਕੀਤੀ ਜਾਣੀ ਹੈ, ਉਹ ਉਮੀਦਵਾਰ ਟਾਈਪਿੰਗ ਟੈਸਟ ਵਿੱਚ ਪੂਰਨ ਛੋਟ ਲੈਣ ਸਬੰਧੀ ਸਿਵਲ ਸਰਜਨ ਤੋਂ ਤਸਦੀਕ ਕਰਵਾਉਣ ਉਪਰੰਤ ਸਰਟੀਫਿਕੇਟ ਬੋਰਡ ਵਿਖੇ ਦਸਤੀ ਜਾ ਈਮੇਲ ਆਈ.ਡੀ. secy.sssb@gmail.com ਤੇ ਮਿਤੀ:28.08.2023 ਤੱਕ ਭੇਜਣਾ ਯਕੀਨੀ ਬਣਾਉਗੇ।**

25/08/2023

ਸਹਾਇਕ ਡਾਇਰੈਕਟਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

(1)  (47)

ਨੰ:13/1/2018-3ਪੀਪੀ2/240
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀ-2 ਸਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸਨਰਜ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਜਿਲ੍ਹਾ ਅਤੇ ਸੈਸਨਜ ਜੱਜ,
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸਨਰਜ ਅਤੇ
ਸਮੂਹ ਉਪ ਮੰਡਲ ਅਫਸਰ (ਸਿਵਲ)।

ਮਿਤੀ, ਚੰਡੀਗੜ੍ਹ: 29.8.2018

ਵਿਸ਼ਾ:- ਅੰਗਹੀਣ ਉਮੀਦਵਾਰਾਂ ਨੂੰ ਟਾਈਪ ਟੈਸਟ ਦੀ ਨਿਪੁੰਨਤਾ ਵਿੱਚ ਛੋਟ/ਵਾਧੂ ਸਮਾਂ ਦੇਣ ਸਬੰਧੀ।

*****

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸੇ ਸਬੰਧੀ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵੱਲੋਂ ਜਾਰੀ ਹਦਾਇਤਾਂ ਨੰ:4/17/79-1ਪੀ.ਪੀ./13274, ਮਿਤੀ 01.10.1985 ਅਤੇ ਹਦਾਇਤਾਂ ਨੰ:15/1/89-1ਪੀਪੀ2/19778, ਮਿਤੀ 2.11.89 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਹਨਾਂ ਰਾਹੀਂ ਉਹਨਾਂ ਅੰਗਹੀਣ ਵਿਅਕਤੀਆਂ ਨੂੰ ਟਾਈਪਿੰਗ ਦੀ ਨਿਪੁੰਨਤਾ ਵਿੱਚ ਛੋਟ ਦਿੱਤੀ ਗਈ ਹੈ, ਜਿੱਥੇ ਸਿਵਲ ਸਰਜਨ ਵੱਲੋਂ ਤਸਦੀਕ ਕੀਤਾ ਹੋਵੇ ਕਿ ਉਮੀਦਵਾਰ ਜਿਸਮਾਨੀ ਤੌਰ ਤੇ ਟਾਈਪ ਕਰਨ ਵਿੱਚ ਅਸਮੱਰਥ ਹੈ।

2. ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਤੋਂ ਪ੍ਰਾਪਤ ਸਲਾਹ ਦੇ ਮੱਦੇਨਜਰ ਸਰਕਾਰ ਵੱਲੋਂ ਉਪਰੋਕਤ ਹਦਾਇਤਾਂ ਨੂੰ ਮੁੜ ਦੁਹਰਾਉਂਦੇ ਹੋਏ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਜਿਹੜੇ ਅੰਗਹੀਣ ਵਿਅਕਤੀਆਂ ਨੂੰ ਉਕਤ ਹਦਾਇਤਾਂ ਅਨੁਸਾਰ ਟਾਈਪਿੰਗ ਦੀ ਨਿਪੁੰਨਤਾ ਤੋਂ ਮੁਕੰਮਲ ਛੋਟ ਨਹੀਂ ਮਿਲ ਸਕਦੀ ਹੈ (ਪਰ ਉਹ ਟਾਈਪ ਕਰ ਸਕਦੇ ਹਨ), ਉਹਨਾਂ ਨੂੰ ਟਾਈਪ ਟੈਸਟ ਵਿੱਚ ਹਰ 10 ਮਿੰਟਾਂ ਦੇ ਟੈਸਟ ਸਮੇਂ ਪਿੱਛੇ 3 ਮਿੰਟ ਅਤੇ 20 ਸੈਕਿੰਡ ਦਾ ਵਾਧੂ ਸਮਾਂ ਦਿੱਤਾ ਜਾਵੇਗਾ।

3. ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।

ਵਿਸਵਾਸਪਾਤਰ

H Aahat

ਉਪ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿਸੇਸ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

Hdahat
ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸੇਸ ਮੁੱਖ ਸਕੱਤਰ/ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸਨਰ/
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੰ.ਨੰ:13/1/2018-3ਪੀਪੀ2/241 ਮਿਤੀ, ਚੰਡੀਗੜ੍ਹ: 29.8.2018